StartingBlocks.gov.au

# ਪਰਿਵਾਰਕ ਦੈਨਿਕ ਸੰਭਾਲ ਜਾਂ ਕੇਂਦਰ-ਆਧਾਰਿਤ ਸੰਭਾਲ (ਲੰਬੀ ਦੈਨਿਕ ਸੰਭਾਲ) – ਕਿਸਦੀ ਚੋਣ ਕਰੀਏ?

**ਇਹ ਸ਼ੁਰੂਆਤੀ ਬਚਪਨ ਦੀ ਸਿੱਖਿਆ ਦੀਆਂ ਵੱਖ-ਵੱਖ ਕਿਸਮਾਂ ਹਨ, ਜੋ ਵੱਖ-ਵੱਖ ਵਾਤਾਵਰਨਾਂ ਵਿੱਚ ਵਾਪਰਦੀਆਂ ਹਨ ਅਤੇ ਦੋਨਾਂ ਦੇ ਹੀ ਲਾਭ ਹਨ।**

ਬੱਚਾ ਪੈਦਾ ਕਰਨ ਦੇ ਬਾਅਦ ਕੰਮ 'ਤੇ ਵਾਪਸ ਜਾਣ ਦੀ ਤਿਆਰੀ ਕਰਨਾ ਬਿਹਬਲ ਕਰਨ ਵਾਲਾ ਹੋ ਸਕਦਾ ਹੈ, ਅਤੇ ਮਾਪਿਆਂ ਵਾਸਤੇ ਕੀਤੇ ਜਾਣ ਵਾਲੇ ਸਭ ਤੋਂ ਸਖਤ ਫੈਸਲਿਆਂ ਵਿੱਚੋਂ ਇੱਕ ਇਹ ਹੈ ਕਿ ਕਿਸ ਕਿਸਮ ਦੀ ਬਾਲ ਸੰਭਾਲ ਸੇਵਾ ਦੀ ਚੋਣ ਕਰਨੀ ਹੈ।

ਜਦ ਤੁਸੀਂ ਨਵੇਂ ਬਣੇ ਮਾਪੇ ਹੁੰਦੇ ਹੋ ਜੋ ਆਪਣੇ ਬੱਚੇ ਲਈ ਸ਼ੁਰੂਆਤੀ ਬਚਪਨ ਲਈ ਸਿੱਖਿਆ ਅਤੇ ਸੰਭਾਲ ਸੇਵਾ ਦੀ ਤਲਾਸ਼ ਕਰ ਰਿਹਾ ਹੈ, ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਤੁਸੀਂ ਪਰਿਵਾਰਕ ਦੈਨਿਕ ਸੰਭਾਲ (Family Day Care – FDC) ਅਤੇ ਲੰਬੀ ਦੈਨਿਕ ਸੰਭਾਲ (Long Day Care – LDC) (ਕੇਂਦਰ-ਆਧਾਰਿਤ ਸੰਭਾਲ) ਸੇਵਾਵਾਂ ਵਿਚਲੇ ਫਰਕਾਂ ਕਰਕੇ ਭੰਬਲਭੂਸੇ ਵਿੱਚ ਪੈ ਜਾਵੋਗੇ।

FDC ਅਤੇ LDC ਸੇਵਾਵਾਂ ਵਿਚਕਾਰ ਫਰਕ ਵੀ ਹਨ ਅਤੇ ਸਮਾਨਤਾਵਾਂ ਵੀ ਹਨ ਅਤੇ ਅਸੀਂ ਸਿਫਾਰਸ਼ ਕਰਦੇ ਹਾਂ ਕਿ ਇਹ ਪਤਾ ਕਰਨ ਲਈ ਤੁਸੀਂ ਦੋਨਾਂ ਕਿਸਮਾਂ ਦੀਆਂ ਸੇਵਾਵਾਂ ਵਿਖੇ ਜਾਓ ਕਿ ਕਿਹੜੀ ਸੇਵਾ ਤੁਹਾਡੇ ਬੱਚੇ ਅਤੇ ਪਰਿਵਾਰ ਦੀਆਂ ਲੋੜਾਂ ਦੇ ਸਭ ਤੋਂ ਵਧੀਆ ਫਿੱਟ ਬੈਠੇਗੀ।

## ਸਮਾਨਤਾਵਾਂ:

ਆਸਟਰੇਲੀਆ ਵਿੱਚ ਸ਼ੁਰੂਆਤੀ ਬਚਪਨ ਲਈ ਸਿੱਖਿਆ ਅਤੇ ਸੰਭਾਲ ਸੇਵਾਵਾਂ 'ਕੌਮੀ ਗੁਣਵੱਤਾ ਢਾਂਚੇ' (National Quality Framework – NQF) ਦੇ ਤਹਿਤ ਕਾਰਜ ਚਲਾਉਂਦੀਆਂ ਹਨ, ਜਿਸਨੂੰ ਸਭ ਕਿਸਮਾਂ ਦੀ ਸੇਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ 2012 ਵਿੱਚ ਲਾਗੂ ਕੀਤਾ ਗਿਆ ਸੀ। ਸਾਰੀਆਂ ਸੇਵਾਵਾਂ:

- ਇੱਕ ਤਾਮੀਲ ਅਤੇ ਮੁਲਾਂਕਣ ਅਤੇ ਦਰਜੇਬੰਦੀ ਪ੍ਰਕਿਰਿਆ ਵਿੱਚੋਂ ਗੁਜ਼ਰਦੀਆਂ ਹਨ, ਜਿਸ ਨੂੰ ਸਟੇਟ ਐਂਡ ਟੈਰੀਟਰੀ ਰੈਗੂਲੇਟਰੀ ਅਥਾਰਟੀ (State and Territory regulatory authority) ਵੱਲੋਂ ਲਾਗੂ ਕੀਤਾ ਜਾਂਦਾ ਹੈ।
- ਨੂੰ 'ਕੌਮੀ ਗੁਣਵੱਤਾ ਮਿਆਰਾਂ' (National Quality Standards – NQS) ਦੇ ਤਹਿਤ ਦਰਜਾ ਦਿੱਤਾ ਜਾਂਦਾ ਹੈ।
- ਬਾਲ ਸੰਭਾਲ ਸਬਸਿਡੀ ਵਾਸਤੇ ਯੋਗ ਹਨ।
- ਇੱਕ ਸਿੱਖਿਆ ਪ੍ਰੋਗਰਾਮ ਪ੍ਰਦਾਨ ਕਰਵਾਉਂਦੀਆਂ ਹਨ ਜੋ ਬੱਚੇ ਉੱਤੇ ਕੇਂਦਰਿਤ, ਟੁੰਬਣ ਵਾਲਾ ਹੁੰਦਾ ਹੈ ਅਤੇ ਹਰ ਬੱਚੇ ਦੀ ਸਿੱਖਿਆ ਅਤੇ ਵਿਕਾਸ ਦਾ ਵਿਸਤਾਰ ਕਰਨ ਅਤੇ ਇਸ ਨੂੰ ਵਧਾਉਣ ਵਾਸਤੇ ਵੱਧ ਤੋਂ ਵੱਧ ਮੌਕੇ ਦਿੰਦਾ ਹੈ। .
- ਅਜਿਹੇ ਸਿੱਖਿਅਕ ਨੌਕਰੀ 'ਤੇ ਰੱਖਦੀਆਂ ਹਨ ਜਿਨ੍ਹਾਂ ਨੂੰ ਸ਼ੁਰੂਆਤੀ ਬਚਪਨ ਦੀਆਂ ਯੋਗਤਾਵਾਂ ਰੱਖਣ ਦੀ ਲੋੜ ਹੁੰਦੀ ਹੈ।
- ਨੂੰ ਅਨੁਪਾਤਾਂ ਦੀ ਪਾਲਣਾ ਲਾਜ਼ਮੀ ਤੌਰ 'ਤੇ ਕਰਨੀ ਚਾਹੀਦੀ ਹੈ ਅਤੇ ਸਮੁੱਚੇ ਦਿਨ ਦੌਰਾਨ ਇਹਨਾਂ ਅਨੁਪਾਤਾਂ ਨੂੰ ਬਰਕਰਾਰ ਰੱਖਣ ਲਈ ਲੋੜੀਂਦੇ ਸਿੱਖਿਅਕਾਂ ਨੂੰ ਨੌਕਰੀ 'ਤੇ ਰੱਖਣਾ ਚਾਹੀਦਾ ਹੈ।
- ਨੂੰ ਇੱਕ ਸਿੱਖਿਆ ਸੰਬੰਧੀ ਆਗੂ ਨੂੰ ਨੌਕਰੀ 'ਤੇ ਰੱਖਣਾ ਚਾਹੀਦਾ ਹੈ ਜੋ ਬੱਚਿਆਂ ਦੇ ਪ੍ਰੋਗਰਾਮ ਦੇ ਵਿਕਾਸ ਬਾਰੇ ਸਿੱਖਿਅਕਾਂ ਨੂੰ ਮਾਰਗ-ਦਰਸ਼ਨ ਪ੍ਰਦਾਨ ਕਰੇ।

## ਕੁਝ ਕੁ ਅੰਤਰ ਜੋ ਤੁਸੀਂ ਪਰਿਵਾਰਕ ਦੈਨਿਕ ਸੰਭਾਲ ਅਤੇ ਲੰਬੀ ਦੈਨਿਕ ਸੰਭਾਲ ਸੇਵਾਵਾਂ ਵਿੱਚ ਦੇਖ ਸਕਦੇ ਹੋ, ਉਹ ਇਹ ਹਨ:

- ਰੋਜ਼ਾਨਾ ਦੀ ਫੀਸ ਅਤੇ ਖੁੱਲ੍ਹਣ ਦੇ ਸਮੇਂ। ਕੁਝ ਸੇਵਾਵਾਂ ਅਜਿਹੀਆਂ ਹਨ ਜੋ ਹਫਤੇ ਦੇ ਅਖੀਰਲੇ ਦਿਨਾਂ 'ਤੇ, ਰਾਤ-ਭਰ ਅਤੇ ਸਕੂਲੀ ਛੁੱਟੀਆਂ ਦੌਰਾਨ ਵੀ ਕਾਰਜ ਕਰਦੀਆਂ ਹਨ। ਆਪਣੇ ਬੱਚੇ ਨੂੰ ਦਾਖਲਾ ਦੁਆਉਣ ਤੋਂ ਪਹਿਲਾਂ ਇਸ ਬਾਰੇ ਪੁੱਛਣਾ ਯਕੀਨੀ ਬਣਾਓ।
- ਖਾਣੇ – ਸੇਵਾ 'ਤੇ ਨਿਰਭਰ ਕਰਨ ਅਨੁਸਾਰ, ਇਹਨਾਂ ਨੂੰ ਰੋਜ਼ਾਨਾ ਫੀਸ ਵਿੱਚ ਸ਼ਾਮਲ ਕੀਤਾ ਵੀ ਜਾ ਸਕਦਾ ਹੈ ਜਾਂ ਨਹੀਂ ਵੀ।
- ਅਮਲੇ ਦੀ ਛੁੱਟੀ – ਲੰਬੀ ਦੈਨਿਕ ਸੰਭਾਲ ਵਿੱਚ, ਛੁੱਟੀ 'ਤੇ ਗਏ ਕਿਸੇ ਸਿੱਖਿਅਕ ਦੀ ਥਾਂ ਕੋਈ ਆਰਜ਼ੀ ਸਿੱਖਿਅਕ ਲਿਆਂਦਾ ਜਾ ਸਕਦਾ ਹੈ, ਜਦਕਿ ਕਿਸੇ FDC ਸੇਵਾ ਵਿੱਚ, ਬੱਚਿਆਂ ਦੀ ਦੇਖਭਾਲ ਕਿਸੇ ਵੱਖਰੇ ਘਰ/ਸਥਾਨ ਵਿਖੇ ਕਿਸੇ ਹੋਰ ਸਿੱਖਿਅਕ ਦੁਆਰਾ ਕੀਤੀ ਜਾ ਸਕਦੀ ਹੈ। ਮਹੱਤਵਪੂਰਨ ਤੌਰ 'ਤੇ, ਸਿੱਖਿਅਕ ਅਕਸਰ ਆਪਣੇ ਪਰਿਵਾਰਾਂ ਦੇ ਨਾਲ ਛੁੱਟੀ ਦੀ ਅਗਾਊਂ ਯੋਜਨਾ ਬਣਾਉਂਦੇ ਹਨ, ਅਤੇ ਸ਼ੁਰੂਆਤੀ ਜਾਣ-ਪਛਾਣ (orientation) ਅਤੇ ਦੂਸਰੇ ਘਰ ਤੱਕ ਫੇਰੀਆਂ ਵਾਪਰਦੀਆਂ ਹਨ। ਜਦ ਕਿਸੇ ਵੀ ਸੇਵਾ ਵਿਚਲਾ ਕੋਈ ਸਿੱਖਿਅਕ ਛੁੱਟੀ 'ਤੇ ਹੁੰਦਾ ਹੈ ਤਾਂ ਪਰਿਵਾਰਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ, ਤਾਂ ਜੋ ਤੁਸੀਂ ਜਾਣ ਜਾਵੋਂ ਕਿ ਤੁਹਾਡੇ ਬੱਚੇ ਦੀ ਦੇਖਭਾਲ ਕੌਣ ਕਰੇਗਾ ਅਤੇ ਸੰਭਾਲ ਨੂੰ ਲਗਾਤਾਰ ਬਣਾਈ ਰੱਖਣ ਵਿੱਚ ਸਹਾਇਤਾ ਕੀਤੀ ਜਾ ਸਕੇ।
- FDC ਸਕੀਮਾਂ ਕਿਸੇ 'ਕੋਆਰਡੀਨੇਟਰ' ਦੀਆਂ ਸੇਵਾਵਾਂ ਲੈਂਦੀਆਂ ਹਨ ਜੋ ਸਿੱਖਿਅਕ ਦੇ ਘਰ/ਸਥਾਨ ਉੱਤੇ ਬਕਾਇਦਾ ਫੇਰੀਆਂ ਪਾਵੇਗਾ, ਤਾਂ ਜੋ ਅਧਿਨਿਯਮਕ ਮਾਮਲਿਆਂ ਬਾਰੇ ਮਾਰਗ-ਦਰਸ਼ਨ ਪ੍ਰਦਾਨ ਕੀਤਾ ਜਾ ਸਕੇ। ਕਿਸੇ LDC ਸੇਵਾ ਵਿੱਚ, ਇਹ ਨਾਮਜ਼ਦ ਕੀਤੇ ਸੁਪਰਵਾਈਜ਼ਰ ਜਾਂ ਸੇਵਾ ਦੀਆਂ ਦਿਨ ਪ੍ਰਤੀ ਦਿਨ ਦੀਆਂ ਕਾਰਵਾਈਆਂ ਦੇ ਇੰਚਾਰਜ ਕਿਸੇ ਹੋਰ ਵਿਅਕਤੀ ਦੀ ਭੂਮਿਕਾ ਹੁੰਦੀ ਹੈ।

## ਹੋਰ ਅੰਤਰ:

| ਲੰਬੀ ਦੈਨਿਕ ਸੰਭਾਲ (ਕੇਂਦਰ-ਆਧਾਰਿਤ) | ਪਰਿਵਾਰਕ ਦੈਨਿਕ ਸੰਭਾਲ |
|---|---|
| **ਬੱਚਿਆਂ ਦੀ ਸੰਖਿਆ** | |
| ਕਿਸੇ LDC ਸਥਾਪਨਾ ਵਿੱਚ, ਦਾਖਲ ਕੀਤੇ ਗਏ ਬੱਚਿਆਂ ਦੀ ਸੰਖਿਆ ਦਾ ਨਿਰਣਾ ਅਧਿਨਿਯਮਕ ਅਥਾਰਟੀ ਵੱਲੋਂ ਕੀਤਾ ਜਾਂਦਾ ਹੈ ਅਤੇ ਇਹ ਇਮਾਰਤ ਦੇ ਆਕਾਰ ਅਤੇ ਬਾਹਰ ਖੇਡਣ ਦੀ ਜਗ੍ਹਾ 'ਤੇ ਨਿਰਭਰ ਕਰਦਾ ਹੈ।<br><br>ਬੱਚਿਆਂ ਨੂੰ ਅਕਸਰ ਉਹਨਾਂ ਦੀ ਉਮਰ, ਕਿਸੇ ਕਮਰੇ ਦੇ ਆਕਾਰ ਅਤੇ ਕਮਰੇ ਵਿਚਲੇ ਸਿੱਖਿਅਕਾਂ ਦੇ ਅਨੁਸਾਰ ਸਮੂਹਬੱਧ ਕੀਤਾ ਜਾਂਦਾ ਹੈ। ਉਦਾਹਰਨ ਲਈ, ਸੇਵਾਵਾਂ ਕੋਲ 0-2 ਸਾਲ ਦੇ ਬੱਚਿਆਂ ਲਈ ਇੱਕ ਕਮਰਾ, 2-3 ਸਾਲ ਦੇ ਬੱਚਿਆਂ ਲਈ ਇੱਕ ਕਮਰਾ ਅਤੇ 3-5 ਸਾਲ ਦੇ ਬੱਚਿਆਂ ਲਈ ਇੱਕ ਕਮਰਾ ਹੋ ਸਕਦਾ ਹੈ। ਵੱਡੀਆਂ ਸੇਵਾਵਾਂ ਵਿੱਚ, ਹਰੇਕ ਉਮਰ ਦੇ ਸਮੂਹ ਵਾਸਤੇ ਇੱਕ ਤੋਂ ਵਧੇਰੇ ਕਮਰੇ ਹੋ ਸਕਦੇ ਹਨ। | ਕਿਸੇ FDC ਸੇਵਾ ਵਿੱਚ, ਸਿੱਖਿਅਕ ਆਪਣੇ ਘਰ ਦੇ ਅੰਦਰੋਂ ਜਾਂ ਕਿਸੇ ਸਹਿਮਤੀ ਵਾਲੇ ਸਥਾਨ ਤੋਂ ਕਾਰਜ ਚਲਾਉਂਦੇ ਹਨ।<br><br>ਪਰਿਵਾਰਕ ਦੈਨਿਕ ਸੰਭਾਲ ਸੇਵਾਵਾਂ ਵਿੱਚ, ਅਨੁਪਾਤ ਸੱਤ ਬੱਚਿਆਂ ਵਾਸਤੇ ਇੱਕ ਸਿੱਖਿਅਕ ਹੁੰਦਾ ਹੈ, ਅਤੇ ਸਕੂਲੀ ਉਮਰ ਤੋਂ ਘੱਟ ਉਮਰ ਵਾਲੇ ਚਾਰ ਤੋਂ ਵੱਧ ਬੱਚੇ ਨਹੀਂ ਹੋ ਸਕਦੇ।<br><br>ਸਿੱਖਿਅਕ ਬੱਚਿਆਂ ਦੇ ਛੋਟੇ ਸਮੂਹਾਂ ਨੂੰ ਆਪਣੇ ਘਰਾਂ ਦੇ ਅੰਦਰੋਂ ਸਿੱਖਿਆ ਅਤੇ ਸੰਭਾਲ ਪ੍ਰਦਾਨ ਕਰਦੇ ਹਨ। FDC ਦਾ ਭਾਈਚਾਰੇ ਉੱਤੇ ਮਜ਼ਬੂਤ ਫੋਕਸ ਹੁੰਦਾ ਹੈ, ਕਿਉਂਕਿ ਸਿੱਖਿਅਕਾਂ ਨੂੰ ਰੋਜ਼ਾਨਾ ਭਾਈਚਾਰੇ ਵਿੱਚ ਨਿੱਤਨੇਮ ਦੌਰਿਆਂ ਵਾਸਤੇ ਉਤਸ਼ਾਹਤ ਕੀਤਾ ਜਾਂਦਾ ਹੈ। |
| **ਸਿੱਖਿਅਕ ਅਤੇ ਬੱਚੇ ਦੇ ਅਨੁਪਾਤ** | |
| NQF ਸੇਵਾਵਾਂ ਵਾਸਤੇ ਸਿੱਖਿਅਕ ਅਤੇ ਬੱਚਿਆਂ ਦੇ ਅਨੁਪਾਤ ਨੂੰ ਨਿਯਮਿਤ ਕਰਦਾ ਹੈ।<br><br>LDC ਸੇਵਾਵਾਂ ਸਮੁੱਚੇ ਦਿਨ ਦੌਰਾਨ ਇਹਨਾਂ ਅਨੁਪਾਤਾਂ ਦੀ ਪੂਰਤੀ ਕਰਨ ਲਈ ਕਈ ਸਾਰੇ ਸਿੱਖਿਅਕ ਰੱਖਦੀਆਂ ਹਨ। ਜੇ ਸੇਵਾ ਜਲਦ ਸਵੇਰ ਤੋਂ ਲੈਕੇ ਸ਼ਾਮ ਤੱਕ ਖੁੱਲ੍ਹੀ ਰਹਿੰਦੀ ਹੈ ਤਾਂ ਸਿੱਖਿਅਕ ਅਕਸਰ ਸਵੇਰ ਜਾਂ ਦੁਪਹਿਰ ਦੀ ਸ਼ਿਫਟ ਵਿੱਚ ਕੰਮ ਕਰਦੇ ਹਨ।<br><br>ਵਧੇਰੇ ਜਾਣਕਾਰੀ ਵਾਸਤੇ, ਵੈੱਬਸਾਈਟ ਦੇ '**ਸਿੱਖਿਅਕ ਅਤੇ ਬੱਚਿਆਂ ਦਾ ਅਨੁਪਾਤ**' ਸਰੋਤ 'ਤੇ ਜਾਓ। | ਇੱਕ ਸਿੱਖਿਅਕ ਮਿਲੇ-ਜੁਲੇ ਉਮਰ ਸਮੂਹਾਂ ਵਾਲੇ ਬੱਚਿਆਂ ਦੀ ਦੇਖਭਾਲ ਕਰਦਾ ਹੈ।<br><br>ਕਈ ਸਿੱਖਿਅਕਾਂ ਕੋਲ ਸਹਾਇਕ ਸਿੱਖਿਅਕ ਹੁੰਦੇ ਹਨ – ਜੋ ਜ਼ਿਆਦਾਤਰ ਬੱਚਿਆਂ ਦੀ ਆਵਾਜਾਈ ਵਾਸਤੇ ਵਰਤੇ ਜਾਂਦੇ ਹਨ, ਜਿੱਥੇ ਸਹਾਇਕ ਖੁਦ ਗੱਡੀ ਨਹੀਂ ਚਲਾ ਸਕਦਾ ਜਾਂ ਜਿੱਥੇ ਉਹਨਾਂ ਕੋਲ ਪ੍ਰੀ-ਸਕੂਲੀ ਉਮਰ ਅਤੇ ਇਸ ਤੋਂ ਘੱਟ ਉਮਰ ਵਾਲੇ ਬੱਚੇ ਹਨ ਅਤੇ ਉਹਨਾਂ ਨੂੰ ਸਕੂਲੀ ਉਮਰ ਦੇ ਬੱਚਿਆਂ ਨੂੰ ਛੱਡ ਕੇ ਅਤੇ ਲੈ ਕੇ ਆਉਣ ਦੀ ਲੋੜ ਹੁੰਦੀ ਹੈ।<br><br>ਇਹਨਾਂ ਸੇਵਾਵਾਂ ਵਾਸਤੇ, ਅਨੁਪਾਤ ਉੱਪਰ ਦੱਸੇ ਅਨੁਸਾਰ ਹੁੰਦਾ ਹੈ।<br><br>ਸਿੱਖਿਅਕ ਦੇ ਖੁਦ ਦੇ ਬੱਚਿਆਂ ਜਾਂ FDC ਰਿਹਾਇਸ਼ ਵਿਖੇ ਕਿਸੇ ਹੋਰ ਬੱਚਿਆਂ ਨੂੰ ਬੱਚਿਆਂ ਦੀ ਕੁੱਲ ਗਿਣਤੀ ਵਿੱਚ ਗਿਣਿਆ ਜਾਂਦਾ ਹੈ ਜੇ ਉਹਨਾਂ ਦੀ ਉਮਰ 13 ਸਾਲ ਤੋਂ ਘੱਟ ਹੈ ਅਤੇ ਉਹਨਾਂ ਬੱਚਿਆਂ ਦੀ ਦੇਖਭਾਲ ਕਰਨ ਲਈ ਕੋਈ ਹੋਰ ਬਾਲਗ ਮੌਜੂਦ ਨਹੀਂ ਹੈ।<br><br>ਪੜ੍ਹਾਏ ਜਾਣ ਵਾਲੇ ਅਤੇ ਦੇਖਭਾਲ ਕੀਤੇ ਜਾ ਸਕਦੇ ਬੱਚਿਆਂ ਦੀ ਗਿਣਤੀ ਵਧਾਉਣ ਲਈ, ਕਿਸੇ ਰਿਹਾਇਸ਼ ਵਿਖੇ ਸਿੱਖਿਅਕਾਂ ਦੀ ਗਿਣਤੀ ਨੂੰ ਵਧਾਇਆ ਨਹੀਂ ਜਾ ਸਕਦਾ। |
| **ਬੱਚਿਆਂ ਦੀ ਉਮਰ** | |
| ਇੱਕ ਤੋਂ ਵਧੇਰੇ ਸਿੱਖਿਅਕਾਂ ਦਾ ਮਤਲਬ ਇਹ ਹੈ ਕਿ ਵਧੇਰੇ ਬੱਚੇ ਮੌਜੂਦ ਹੋ ਸਕਦੇ ਹਨ, ਅਤੇ ਉਹਨਾਂ ਨੂੰ ਆਮ ਤੌਰ 'ਤੇ ਉਹਨਾਂ ਦੀ ਆਪਣੀ ਉਮਰ ਦੇ ਬੱਚਿਆਂ ਨਾਲ ਸਮੂਹਬੱਧ ਕੀਤਾ ਜਾਵੇਗਾ। | ਮੁਕਾਬਲਤਨ ਘੱਟ ਬੱਚੇ ਦਾਖਲ ਕੀਤੇ ਜਾਣਗੇ ਅਤੇ ਉਹ ਵੱਖ-ਵੱਖ ਉਮਰਾਂ ਦੇ ਹੋ ਸਕਦੇ ਹਨ। |
| **ਖਾਣੇ ਅਤੇ ਨੈਪੀਆਂ** | |
| ਖਾਣੇ ਅਤੇ ਨੈਪੀਆਂ ਪ੍ਰਦਾਨ ਕਰਵਾ ਵੀ ਸਕਦੇ ਹਨ ਅਤੇ ਨਹੀਂ ਵੀ। | ਖਾਣੇ ਅਤੇ ਨੈਪੀਆਂ ਪ੍ਰਦਾਨ ਕਰਵਾ ਵੀ ਸਕਦੇ ਹਨ ਅਤੇ ਨਹੀਂ ਵੀ। |

StartingBlocks.gov.au

| ਲੰਬੀ ਦੈਨਿਕ ਸੰਭਾਲ (ਕੇਂਦਰ-ਆਧਾਰਿਤ) | ਪਰਿਵਾਰਕ ਦੈਨਿਕ ਸੰਭਾਲ |
|---|---|
| ਬੱਚਿਆਂ ਵਾਸਤੇ ਸਰਗਰਮੀਆਂ | |
| ਤੁਹਾਡੇ ਵੱਲੋਂ ਚੁਣੀ ਸੇਵਾ ਦੇ ਫਲਸਫੇ ਦੇ ਆਧਾਰ ’ਤੇ, ਸਿੱਖਿਅਕ ਬੱਚਿਆਂ ਨੂੰ ਬਾਹਰੀ ਫੇਰੀਆਂ (excursions) ਵਾਸਤੇ ਲੈਕੇ ਜਾ ਵੀ ਸਕਦੇ ਹਨ ਜਾਂ ਨਹੀਂ ਵੀ। ਸੇਵਾ ਤੋਂ ਲੋੜਿਆ ਜਾਂਦਾ ਹੈ ਕਿ ਕਿਸੇ ਬੱਚੇ ਨੂੰ ਸੇਵਾ ਤੋਂ ਬਾਹਰ ਲੈਕੇ ਜਾਣ ਤੋਂ ਪਹਿਲਾਂ ਉਹ ਤੁਹਾਡੀ ਆਗਿਆ ਲਵੇ, ਅਤੇ ਉਹਨਾਂ ਨੂੰ ਲਾਜ਼ਮੀ ਤੌਰ ’ਤੇ ਆਵਾਜਾਈ ਅਤੇ ਜਿਸ ਥਾਂ ’ਤੇ ਉਹ ਜਾ ਰਹੇ ਹਨ ਉਸਦੇ ਜੋਖ਼ਮ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਉਪਲਬਧ ਕਰਵਾਉਣਾ ਚਾਹੀਦਾ ਹੈ।<br><br>ਕੁਝ ਕੁ ਨਿੱਤਨੇਮਾਂ ਨੂੰ ‘ਬਕਾਇਦਾ ਬਾਹਰੀ ਫੇਰੀਆਂ’ ਮੰਨਿਆ ਜਾ ਸਕਦਾ ਹੈ ਜਿਵੇਂ ਕਿ ਸਥਾਨਕ ਲਾਇਬ੍ਰੇਰੀ, ਡਾਕਘਰ, ਕੈਫੇ ਆਦਿ। ਸਮੁੱਚੇ ਸਾਲ ਦੌਰਾਨ ਬੱਚਿਆਂ ਦੀਆਂ ਰੁਚੀਆਂ ਦੇ ਆਧਾਰ ’ਤੇ ਹੋਰ ਬਾਹਰੀ ਫੇਰੀਆਂ ਦੀ ਯੋਜਨਾ ਬਣਾਈ ਜਾ ਸਕਦੀ ਹੈ।<br><br>ਸੇਵਾ ਵਿਸ਼ੇਸ਼ੱਗ ਮੁਹਾਰਤਾਂ ਵਾਲੇ ਲੋਕਾਂ ਨੂੰ ਸੇਵਾ ਵਿੱਚ ਸੱਦਾ ਦੇ ਸਕਦੀ ਹੈ ਤਾਂ ਜੋ ਉਹ ਸ਼ੋਆਂ, ਸੰਗੀਤ, ਖੇਡ ਜਾਂ ਤਕਨਾਲੋਜੀ ਸੰਬੰਧੀ ਕਿਰਿਆਵਾਂ ਵਿੱਚ ਭਾਗ ਲੈਣ।<br><br>ਬਾਹਰੀ ਫੇਰੀਆਂ ਅਤੇ ਸੇਵਾ ਵਿੱਚ ਆਉਣ ਵਾਲੇ ਬਾਹਰੀ ਲੋਕਾਂ (visitors) ਬਾਰੇ ਹੋਰ ਜਾਣਕਾਰੀ ਵਾਸਤੇ, ਨਾਮਜ਼ਦ ਸੁਪਰਵਾਈਜ਼ਰ ਨਾਲ ਗੱਲ ਕਰਨਾ ਯਕੀਨੀ ਬਣਾਓ। | FDC ਸਿੱਖਿਅਕ ਬੱਚੇ ’ਤੇ ਕੇਂਦਰਿਤ ਨਿੱਤਨੇਮ ਬਾਹਰੀ ਫੇਰੀਆਂ ਵਿੱਚ ਭਾਗ ਲੈਂਦੇ ਹਨ। ਇਸ ਵਿੱਚ ਲਾਇਬ੍ਰੇਰੀਆਂ, ਸਥਾਨਕ ਪਾਰਕ, ਭਾਈਚਾਰੇ, ਖੇਡ ਸਮੂਹ, ਕਿੰਡੀ ਜਿੰਮ, ਕੋਆਰਡੀਨੇਸ਼ਨ ਯੂਨਿਟ ਦੇ ਖੇਡ ਸੈਸ਼ਨ, ਅਜਾਇਬਘਰ, ਅਤੇ ਭਾਈਚਾਰਕ ਬਾਗਾਂ ਤੱਕ ਫੇਰੀਆਂ ਸ਼ਾਮਲ ਹੋ ਸਕਦੀਆਂ ਹਨ।<br><br>FDC ਕਿਸੇ ਖੇਡ ਸੈਸ਼ਨ ਵਿੱਚ ਭਾਗ ਲੈਣ ਲਈ ਕਿਸੇ ਸਥਾਨਕ TAFE ਤੱਕ ਫੇਰੀ ਪਾ ਸਕਦੇ ਹਨ। ਇਹ FDC ਸਿੱਖਿਅਕਾਂ ਨੂੰ ਨੈੱਟਵਰਕ ਬਣਾਉਣ, ਅਤੇ FDC ਵਿਚਲੇ ਬੱਚਿਆਂ ਨੂੰ ਹੋਰ ਬੱਚਿਆਂ ਨਾਲ ਖੇਡਣ ਵਿੱਚ ਸਹਾਇਤਾ ਕਰਦਾ ਹੈ। ਇਹ ਸਰਟੀਫਿਕੇਟ III ਅਤੇ ਡਿਪਲੋਮੇ ਵਾਲੇ ਵਿਦਿਆਰਥੀਆਂ ਨੂੰ ਬੱਚਿਆਂ ਲਈ ਸਰਗਰਮੀਆਂ ਦੀ ਯੋਜਨਾ ਬਨਾਉਣ ਅਤੇ ਬੱਚੇ ’ਤੇ ਆਧਾਰਿਤ ਸਿੱਖਣ ਦੇ ਅਨੁਭਵਾਂ ਵਿੱਚ ਵੀ ਸਹਾਇਤਾ ਕਰਦਾ ਹੈ।<br><br>ਸਿੱਖਿਅਕ/ਸੇਵਾ ਤੋਂ ਲੋੜਿਆ ਜਾਂਦਾ ਹੈ ਕਿ ਕਿਸੇ ਬੱਚੇ ਨੂੰ ਸੇਵਾ ਤੋਂ ਬਾਹਰ ਲੈਕੇ ਜਾਣ ਤੋਂ ਪਹਿਲਾਂ ਉਹ ਤੁਹਾਡੀ ਆਗਿਆ ਲਵੇ, ਅਤੇ ਉਹਨਾਂ ਨੂੰ ਲਾਜ਼ਮੀ ਤੌਰ ’ਤੇ ਆਵਾਜਾਈ ਅਤੇ ਜਿਸ ਥਾਂ ’ਤੇ ਉਹ ਜਾ ਰਹੇ ਹਨ ਉਸਦੇ ਜੋਖ਼ਮ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਉਪਲਬਧ ਕਰਵਾਉਣਾ ਚਾਹੀਦਾ ਹੈ।<br><br>ਕੁਝ ਕੁ ਨਿੱਤਨੇਮਾਂ ਨੂੰ ‘ਬਕਾਇਦਾ ਬਾਹਰੀ ਫੇਰੀਆਂ’ ਮੰਨਿਆ ਜਾ ਸਕਦਾ ਹੈ ਜਿਵੇਂ ਕਿ ਸਥਾਨਕ ਲਾਇਬ੍ਰੇਰੀ, ਡਾਕਘਰ, ਕੈਫੇ ਆਦਿ। ਸਮੁੱਚੇ ਸਾਲ ਦੌਰਾਨ ਬੱਚਿਆਂ ਦੀਆਂ ਰੁਚੀਆਂ ਦੇ ਆਧਾਰ ’ਤੇ ਹੋਰ ਬਾਹਰੀ ਫੇਰੀਆਂ ਦੀ ਯੋਜਨਾ ਬਣਾਈ ਜਾ ਸਕਦੀ ਹੈ। |



StartingBlocks.gov.au

## ਸਹੀ ਕਿਸਮ ਦੀ ਸੇਵਾ ਦੀ ਚੋਣ ਕਰਨ ਵਿੱਚ ਮਦਦ ਲਈ ਕੁਝ ਵਾਧੂ ਨੁਕਤੇ:

- ਆਪਣੀਆਂ ਕਦਰਾਂ-ਕੀਮਤਾਂ, ਹਾਲਾਤਾਂ, ਲੋੜਾਂ ਅਤੇ ਇੱਛਾਵਾਂ ਬਾਰੇ ਸੋਚੋ। ਫੇਰ ਲੰਬੀ ਦੈਨਿਕ ਸੰਭਾਲ ਅਤੇ ਪਰਿਵਾਰਕ ਦੈਨਿਕ ਸੰਭਾਲ ਦੀਆਂ ਵਿਲੱਖਣਤਾਵਾਂ 'ਤੇ ਇਹ ਦੇਖਣ ਲਈ ਝਾਤ ਪਾਓ ਕਿ ਕਿਹੜਾ ਮਾਡਲ ਇਹਨਾਂ ਲਈ ਸਭ ਤੋਂ ਵਧੀਆ ਫਿੱਟ ਬੈਠਦਾ ਹੈ।
- ਦੋਨਾਂ ਕਿਸਮਾਂ ਦੀਆਂ ਸੇਵਾਵਾਂ ਦੇ ਅੰਤਰ ਅਤੇ ਢਾਂਚੇ ਤੋਂ ਜਾਣੂੰ ਹੋਵੋ। ਹਾਲਾਂਕਿ ਪਰਿਵਾਰਕ ਦੈਨਿਕ ਸੰਭਾਲ ਦੀ ਸੂਰਤ ਵਿੱਚ ਆਮ ਤੌਰ 'ਤੇ ਬੱਚਿਆਂ ਨਾਲ ਕੰਮ ਕਰਨ ਵਾਲਾ ਸਿਰਫ਼ ਇੱਕ ਸਿੱਖਿਅਕ ਹੁੰਦਾ ਹੈ, ਪਰ ਸਿੱਖਿਅਕ ਇਕੱਲੇ ਤੌਰ 'ਤੇ ਕੰਮ ਨਹੀਂ ਕਰਦਾ। ਪਰਿਵਾਰਕ ਦੈਨਿਕ ਸੰਭਾਲ ਸੇਵਾਵਾਂ ਵਿੱਚ ਇੱਕ ਕੋਆਰਡੀਨੇਟਰ, ਪਰਿਵਾਰ ਤਾਲਮੇਲ ਅਫਸਰ, ਸੇਵਾ ਦਾ ਮੈਨੇਜਰ ਹੁੰਦਾ ਹੈ, ਜੋ ਖੇਡ ਸੈਸ਼ਨਾਂ/ਖੇਡ ਸਮੂਹਾਂ ਦੀ ਨਿਗਰਾਨੀ ਕਰਦੇ ਹਨ ਅਤੇ ਇਹਨਾਂ ਵਿੱਚ ਹਾਜ਼ਰੀ ਭਰਦੇ ਹਨ।
- ਕੋਆਰਡੀਨੇਸ਼ਨ ਯੂਨਿਟ ਵਿਖੇ ਇੱਕ ਟੀਮ ਸਿੱਖਿਅਕ ਦੀ ਸਹਾਇਤਾ ਕਰਦੀ ਹੈ ਅਤੇ ਨਿਗਰਾਨੀ ਕਰਦੀ ਹੈ – ਪਰਿਵਾਰਾਂ ਵਾਸਤੇ ਕੋਆਰਡੀਨੇਸ਼ਨ ਯੂਨਿਟ ਵਿਖੇ ਟੀਮ ਨੂੰ ਮਿਲਣਾ ਅਹਿਮ ਹੈ ਤਾਂ ਜੋ ਉਹ ਉਹਨਾਂ ਕੋਲੋਂ ਸਲਾਹ ਮੰਗਣ ਵਿੱਚ ਸਹਿਜ ਮਹਿਸੂਸ ਕਰਨ। ਯਾਦ ਰੱਖੋ, ਦਾਖਲੇ ਵਾਲੀਆਂ ਸਾਰੀਆਂ ਇੰਟਰਵਿਊਆਂ ਦਫਤਰ ਵਿਖੇ ਨਹੀਂ ਹੁੰਦੀਆਂ, ਕੁਝ ਕੁ ਸਿੱਖਿਅਕ ਦੇ ਘਰ ਵਿਖੇ ਵੀ ਹੁੰਦੀਆਂ ਹਨ।
- ਪਰਿਵਾਰਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ ਪਰਿਵਾਰਕ ਦੈਨਿਕ ਸੰਭਾਲ ਅਤੇ ਲੰਬੀ ਦੈਨਿਕ ਸੰਭਾਲ (ਕੇਂਦਰ-ਆਧਾਰਿਤ) ਸੇਵਾਵਾਂ ਦੋਨਾਂ ਵਿਖੇ ਜਾ ਕੇ ਆਉਣ। ਆਪਣੀ ਫੇਰੀ ਵਾਸਤੇ ਸਵਾਲਾਂ ਦੀ ਸੂਚੀ ਪਹਿਲਾਂ ਤੋਂ ਤਿਆਰ ਕਰਕੇ ਰੱਖਣਾ ਤੁਹਾਡੀ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਮਦਦ ਕਰ ਸਕਦਾ ਹੈ।

## ਤੁਸੀਂ ਇਹ ਪਤਾ ਲਾਉਣਾ ਵੀ ਪਸੰਦ ਕਰ ਸਕਦੇ ਹੋ:

- NQS ਤਹਿਤ ਸੇਵਾਵਾਂ ਦੀ ਦਰਜੇਬੰਦੀ ਕੀ ਹੈ?
- ਕੀ ਕੋਈ ਉਡੀਕ ਸੂਚੀ ਹੈ, ਅਤੇ ਤੁਹਾਨੂੰ ਕਿੰਨੇ ਸਮੇਂ ਵਾਸਤੇ ਉਡੀਕ ਕਰਨੀ ਪਵੇਗੀ?
- ਸੇਵਾਵਾਂ ਦਾ ਫਲਸਫਾ ਕੀ ਹੈ, ਅਤੇ ਇਹ ਬੱਚੇ ਨਾਲ ਸਿੱਖਿਅਕ ਦੇ ਰਿਸ਼ਤਿਆਂ ਉੱਤੇ ਕਿਵੇਂ ਪ੍ਰਭਾਵ ਪਾਉਂਦਾ ਹੈ?
- ਕੀ ਹਾਲੀਆ ਸਮੇਂ ਵਿੱਚ ਅਮਲੇ ਵਿੱਚ ਕੋਈ ਤਬਦੀਲੀਆਂ ਹੋਈਆਂ ਹਨ? ਸੇਵਾ ਵਿਖੇ ਨੌਕਰੀ ਕਰਦੇ ਹੋਏ ਕਿਸੇ ਵਿਅਕਤੀ ਦਾ ਸਭ ਤੋਂ ਲੰਬਾ ਸਮਾਂ ਕਿੰਨਾ ਹੈ (ਅਮਲੇ ਵਿੱਚ ਵੱਡਾ ਬਦਲਾਅ ਇਹ ਦਰਸਾ ਸਕਦਾ ਹੈ ਕਿ ਸੇਵਾ ਗੁਣਵੱਤਾ ਵਾਲੇ ਅਭਿਆਸਾਂ ਲਈ ਕੰਮ ਕਰ ਰਹੀ ਹੈ)
- ਤੁਹਾਡੇ ਬੱਚੇ ਨਾਲ ਕਮਰੇ ਵਿੱਚ ਕਿੰਨੇ ਕੁ ਸਿੱਖਿਅਕ ਹੋਣਗੇ?
- ਕੀ ਸੇਵਾ ਨੂੰ ਹਾਲੀਆ ਸਮੇਂ ਵਿੱਚ ਵੇਚ ਦਿੱਤਾ ਗਿਆ ਹੈ?
- ਸੇਵਾ ਦਾ ਮਨਜ਼ੂਰਸ਼ੁਦਾ ਪ੍ਰਦਾਨਕ ਕੌਣ ਹੈ – ਇਹ ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਸੇਵਾ ਚਲਾਉਣ ਵਾਸਤੇ ਕੌਮੀ ਵਿਧਾਨ ਦੇ ਤਹਿਤ ਮਨਜ਼ੂਰੀ ਮਿਲੀ ਹੋਈ ਹੈ।
- ਸੇਵਾ ਕਿੰਨੇ ਸਮੇਂ ਤੋਂ ਕਾਰਜ ਕਰਦੀ ਆ ਰਹੀ ਹੈ?

## ਜੇ ਤੁਸੀਂ ਕਿਸੇ ਪਰਿਵਾਰਕ ਦੈਨਿਕ ਸੰਭਾਲ ਸੇਵਾ ਵਿਖੇ ਜਾ ਰਹੇ ਹੋ, ਤਾਂ ਤੁਸੀਂ ਇਹ ਪੁੱਛਣਾ ਵੀ ਪਸੰਦ ਕਰ ਸਕਦੇ ਹੋ:

- ਕੀ ਸਿੱਖਿਅਕ ਬੱਚਿਆਂ ਨੂੰ ਕਿਸੇ ਖੇਡ-ਸਮੂਹ ਵਿਖੇ ਲੈਕੇ ਜਾਂਦਾ ਹੈ, ਅਤੇ ਅਜਿਹਾ ਅਕਸਰ ਕਿੰਨ੍ਹੀ ਕੁ ਵਾਰ ਵਾਪਰਦਾ ਹੈ?
- ਕੋਆਰਡੀਨੇਟਰ ਸਿੱਖਿਅਕ ਦੇ ਘਰ ਵਿਖੇ ਕਿੰਨ੍ਹੇ ਕੁ ਵਕਫੇ ਬਾਅਦ ਗੇੜਾ ਮਾਰਦਾ ਹੈ?
- ਜਦ ਤੁਹਾਡਾ ਬੱਚਾ ਹਾਜ਼ਰੀ ਭਰਨੀ ਸ਼ੁਰੂ ਕਰੇਗਾ ਤਾਂ ਘਰ/ਸਥਾਨ ਵਿਖੇ ਹੋਰ ਕੌਣ ਹੋਵੇਗਾ?
- ਸ਼ੁਰੂਆਤੀ ਬਚਪਨ ਦੇ ਖੇਤਰ ਵਿੱਚ ਕੰਮ ਕਰਦੇ ਹੋਣ ਸੰਬੰਧੀ ਸਿੱਖਿਅਕ ਕੋਲ ਕੀ ਤਜ਼ਰਬਾ ਹੈ।

ਵਧੇਰੇ ਜਾਣਕਾਰੀ ਵਾਸਤੇ ਤੁਸੀਂ ਕਿਸੇ ਬਾਲ ਸੰਭਾਲ ਸੇਵਾ ਦੀ ਚੋਣ ਕਰਦੇ ਸਮੇਂ ਪੁੱਛੇ ਜਾਣ ਵਾਲੇ ਮੁੱਖ ਸਵਾਲ ਅਤੇ ਬਾਲ ਸੰਭਾਲ ਵਿਖੇ ਫੇਰੀ ਦੌਰਾਨ ਕਿਹੜੀਆਂ ਚੀਜ਼ਾਂ ਵਾਸਤੇ ਦੇਖਿਆ ਜਾਵੇ ਬਾਰੇ ਸਾਡੇ ਜਾਣਕਾਰੀ-ਚਿੱਤਰਣ ਦੇਖ ਸਕਦੇ ਹੋ।

## ਕਿਸੇ ਸੇਵਾ ਨੂੰ ਲੱਭਣ ਦੀ ਪ੍ਰਕਿਰਿਆ:

**ਲੰਬੀ ਦੈਨਿਕ ਸੰਭਾਲ:** Starting Blocks ਦੀ Find Child Care search ਦੀ ਵਰਤੋਂ ਕਰਕੇ ਤੁਸੀਂ ਆਪਣੇ ਨੇੜੇ ਕਿਸੇ LDC ਸੇਵਾ ਨੂੰ ਲੱਭ ਸਕਦੇ ਹੋ। ਸਾਡਾ ਸਰਚ ਫੰਕਸ਼ਨ ਵਰਤੋਂਕਾਰਾਂ ਨੂੰ ਸੇਵਾ ਦੀ ਕਿਸਮ ਮੁਤਾਬਿਕ ਫਿਲਟਰ ਕਰਨ ਦੇ ਯੋਗ ਵੀ ਬਣਾਉਂਦਾ ਹੈ। ਤੁਸੀਂ ਛਾਂਟੀ ਕੀਤੀਆਂ ਸੇਵਾਵਾਂ ਨੂੰ ਫੋਨ ਕਰ ਸਕਦੇ ਹੋ ਅਤੇ ਫੇਰ ਟੂਰ/ਫੇਰੀ ਵਾਸਤੇ ਉਥੇ ਹਾਜ਼ਰ ਹੋ ਸਕਦੇ ਹੋ।

**ਪਰਿਵਾਰਕ ਦੈਨਿਕ ਸੰਭਾਲ:** Starting Blocks ਦਾ ਸਰਚ ਫੰਕਸ਼ਨ ਤੁਹਾਨੂੰ ਆਪਣੇ ਨੇੜੇ ਕੋਈ ਪਰਿਵਾਰਕ ਦੈਨਿਕ ਸੰਭਾਲ ਸਕੀਮ ਲੱਭਣ ਦੇ ਯੋਗ ਬਣਾਵੇਗਾ। ਪਹਿਲਾਂ ਸਕੀਮ ਦੇ ਨਾਲ ਸੰਪਰਕ ਕਰੋ। ਫੇਰ ਉਹ ਤੁਹਾਨੂੰ ਤੁਹਾਡੇ ਇਲਾਕੇ ਵਿੱਚ ਕਿਸੇ FDC ਸਿੱਖਿਅਕ ਕੋਲ ਭੇਜਣਗੇ।